BC CANCER CERVIX SCREENING
Provincial Health Services Authority

# ਪੈਪ ਟੈੱਸਟ

ਐੱਚ ਪੀ ਵੀ ਦੇ ਨਤੀਜਿਆਂ ਅਤੇ ਪੈਪ ਟੈੱਸਟ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

**ਤੁਹਾਡੀ ਸਿਹਤ ਦੀ ਹਿਸਟਰੀ ਦੇ ਆਧਾਰ 'ਤੇ ਜਾਂ ਜੇ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਆਪ ਕੀਤੇ ਟੈੱਸਟ ਦੇ ਨਮੂਨੇ ਵਿਚ ਜ਼ਿਆਦਾ ਖਤਰੇ ਵਾਲੇ ਐੱਚ ਪੀ ਵੀ ਦੀਆਂ ਖਾਸ ਕਿਸਮਾਂ ਦਾ ਪਤਾ ਲੱਗਾ ਹੈ ਤਾਂ ਪੈਪ ਟੈੱਸਟ ਕਰਵਾਉਣ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।**

## ਪੈਪ ਟੈੱਸਟ ਦੀ ਕਿਸ ਨੂੰ ਲੋੜ ਹੈ?

☑ **ਸਰਵਿਕਸ ਦਾ ਆਪ ਟੈੱਸਟ ਕਰਨ ਦੇ ਨਤੀਜਿਆਂ ਦੀ ਪੈਰਵੀ**

ਜੇ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਆਪ ਕੀਤੇ ਟੈੱਸਟ ਵਿਚ ਜ਼ਿਆਦਾ ਖਤਰੇ ਵਾਲੇ ਐੱਚ ਪੀ ਵੀ ਦੀਆਂ ਖਾਸ ਕਿਸਮਾਂ ਦਾ ਪਤਾ ਲੱਗਦਾ ਹੈ ਤਾਂ ਹੈਲਥ ਕੇਅਰ ਪ੍ਰੋਵਾਈਡਰ ਤੁਹਾਡੀ ਸਰਵਿਕਸ 'ਤੇ ਸੈੱਲਾਂ ਵਿਚ ਕੋਈ ਵੀ ਤਬਦੀਲੀਆਂ ਦੇਖਣ ਲਈ ਪੈਪ ਟੈੱਸਟ ਕਰੇਗਾ।

☑ **ਸਰਵਿਕਸ ਦਾ ਆਪ ਟੈੱਸਟ ਕਰਨ ਦੀ ਬਜਾਏ ਪੈਪ ਟੈੱਸਟ ਨੂੰ ਤਰਜੀਹ ਦਿੰਦੇ ਹੋ**

ਸਰਵਿਕਸ ਵਾਲੇ ਕਿਸੇ ਵੀ ਵਿਅਕਤੀ ਨੂੰ, ਜਿਸ ਵਿਚ 25 ਅਤੇ 69 ਸਾਲ ਦੀ ਉਮਰ ਦੇ ਵਿਚਕਾਰ ਦੀਆਂ ਔਰਤਾਂ ਅਤੇ ਟੀ ਟੀ ਜੀ ਡੀ (ਟੂ-ਸਪਿਰਿਟ, ਟ੍ਰਾਂਸਜੈਂਡਰ ਅਤੇ ਜੈਂਡਰ-ਡਾਇਵਰਸ) ਲੋਕ ਸ਼ਾਮਲ ਹਨ, ਸਰਵੀਕਲ ਕੈਂਸਰ ਲਈ ਨੇਮ ਨਾਲ ਚੈੱਕ ਕੀਤਾ ਜਾਣਾ ਚਾਹੀਦਾ ਹੈ।

ਤੁਹਾਨੂੰ ਨੇਮ ਨਾਲ ਚੈੱਕ ਕਰਨਾ ਚਾਹੀਦਾ ਹੈ ਜੇ:

- ਤੁਹਾਡੇ ਐੱਚ ਪੀ ਵੀ ਵੈਕਸੀਨ ਲੱਗੀ ਹੋਈ ਹੈ।
- ਤੁਸੀਂ ਕਦੇ ਵੀ ਕਿਸੇ ਵੀ ਲਿੰਗ ਦੇ ਹੋਰ ਵਿਅਕਤੀ ਨਾਲ ਕਾਮੁਕ ਸੰਪਰਕ ਕੀਤਾ ਹੈ; ਅਤੇ/ਜਾਂ
- ਤੁਸੀਂ ਮਾਹਵਾਰੀ ਬੰਦ ਹੋਣ ਵਿਚ ਦੀ ਲੰਘੇ ਹੋ।

☑ **ਕੈਂਸਰ ਤੋਂ ਪਹਿਲਾਂ ਦੇ ਸੈੱਲਾਂ ਦੀ ਹਿਸਟਰੀ ਹੈ**

ਜੇ ਤੁਹਾਡੀ ਸਰਵਿਕਸ ਵਿਚ ਕੈਂਸਰ ਤੋਂ ਪਹਿਲਾਂ ਦੇ ਸੈੱਲਾਂ ਦੀਆਂ ਤਬਦੀਲੀਆਂ ਦਾ ਪਤਾ ਲੱਗਿਆ ਸੀ ਤਾਂ ਤੁਹਾਨੂੰ ਪੈਪ ਟੈੱਸਟ ਲਈ ਹੈਲਥ ਕੇਅਰ ਪ੍ਰੋਵਾਈਡਰ ਕੋਲ ਜਾਣ ਦੀ ਲੋੜ ਹੋ ਸਕਦੀ ਹੈ।

☑ **ਗਰਭਵਤੀ ਹੋ ਜਾਂ ਪੈਸਰੀ ਵਰਤ ਰਹੇ ਹੋ**

ਸਰਵਿਕਸ ਦੀ ਜਾਂਚ ਕਰਨ ਦੀਆਂ ਆਪਣੀਆਂ ਚੋਣਾਂ ਬਾਰੇ ਗੱਲ ਕਰਨ ਲਈ ਹੈਲਥ ਕੇਅਰ ਪ੍ਰੋਵਾਈਡਰ ਕੋਲ ਜਾਉ।

***ਜਦੋਂ ਲੋਕਾਂ ਦੇ ਨਤੀਜੇ ਇਹ ਦਿਖਾਉਂਦੇ ਹਨ ਕਿ ਐੱਚ ਪੀ ਵੀ ਹੋਣ ਦਾ ਪਤਾ ਲੱਗਿਆ ਹੈ ਤਾਂ ਉਨ੍ਹਾਂ ਦੇ ਵੱਖ ਵੱਖ ਜਜ਼ਬਾਤ ਅਤੇ ਸਵਾਲ ਹੋ ਸਕਦੇ ਹਨ।***

- ਐੱਚ ਪੀ ਵੀ ਬਹੁਤ ਆਮ ਹੈ। ਐੱਚ ਪੀ ਵੀ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਸਰਵੀਕਲ ਕੈਂਸਰ ਹੈ ਜਾਂ ਕਦੇ ਹੋ ਜਾਵੇਗੀ।
- ਪੈਰਵੀ ਲਈ ਆਪਣੀਆਂ ਸਾਰੀਆਂ ਅਪੌਇੰਟਮੈਂਟਾਂ 'ਤੇ ਜਾਣਾ ਤੁਹਾਡੇ ਲਈ ਮਹੱਤਵਪੂਰਨ ਹੈ।
- ਤੁਹਾਡੀ ਸਰਵਿਕਸ ਉੱਪਰਲੇ ਆਸਾਧਾਰਨ ਸੈੱਲਾਂ ਦਾ ਇਲਾਜ ਸੌਖਾ ਅਤੇ ਅਸਰਦਾਰ ਹੈ।
- ਜੇ ਸਰਵੀਕਲ ਕੈਂਸਰ ਦਾ ਅਗੇਤੇ ਪਤਾ ਲੱਗ ਜਾਂਦਾ ਹੈ ਤਾਂ ਬਚਣ ਦੇ ਮੌਕੇ ਜ਼ਿਆਦਾ ਹਨ।

## ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਕੀ ਹੈ?

ਐੱਚ ਪੀ ਵੀ ਇਕ ਆਮ ਵਾਇਰਸ ਹੈ ਜਿਹੜਾ ਕਾਮੁਕ ਸੰਪਰਕ ਨਾਲ ਫੈਲਦਾ ਹੈ, ਜਿਸ ਵਿਚ ਲਿੰਗਕ ਛੂਹ, ਜ਼ਬਾਨੀ, ਯੋਨੀ ਰਾਹੀਂ ਅਤੇ ਗੁਦਾ ਸੈਕਸ ਸ਼ਾਮਲ ਹਨ। ਐੱਚ ਪੀ ਵੀ ਆਮ ਤੌਰ 'ਤੇ ਨੁਕਸਾਨ-ਰਹਿਤ ਹੁੰਦਾ ਹੈ ਅਤੇ ਤਕਰੀਬਨ 2 ਸਾਲਾਂ ਵਿਚ ਆਪਣੇ ਆਪ ਠੀਕ ਹੋ ਜਾਂਦਾ ਹੈ। ਪਰ ਕਦੇ ਕਦੇ, ਐੱਚ ਪੀ ਵੀ ਦੀਆਂ ਜ਼ਿਆਦਾ ਖਤਰੇ ਵਾਲੀਆਂ ਖਾਸ ਕਿਸਮਾਂ ਸਰਵਿਕਸ ਉਪਰਲੇ ਸੈੱਲਾਂ ਵਿਚ ਅਸਧਾਰਨ ਤਬਦੀਲੀਆਂ ਕਰ ਸਕਦੀਆਂ ਹਨ। ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਤਬਦੀਲੀਆਂ ਸਮੇਂ ਨਾਲ ਸਰਵੀਕਲ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ।

## ਮੈਨੂੰ ਐੱਚ ਪੀ ਵੀ ਕਿਵੇਂ ਹੋਇਆ?

ਜੇ ਤੁਸੀਂ ਆਪਣੀ ਜ਼ਿੰਦਗੀ ਵਿਚ ਕਿਸੇ ਵੀ ਤਰ੍ਹਾਂ ਦਾ ਕਾਮੁਕ ਸੰਪਰਕ ਕੀਤਾ ਹੈ, ਭਾਵੇਂ ਇਹ ਇੱਕੋ ਸਾਥੀ ਨਾਲ ਹੋਵੇ, ਇਸ ਚੀਜ਼ ਦੀ ਕਾਫੀ ਸੰਭਾਵਨਾ ਹੈ ਕਿ ਤੁਸੀਂ ਐੱਚ ਪੀ ਵੀ ਦੇ ਸੰਪਰਕ ਵਿਚ ਆਏ ਹੋ। ਇਹ ਸੰਪਰਕ ਤੋਂ ਛੇਤੀ ਬਾਅਦ ਜਾਂ ਸਾਲਾਂ ਬਾਅਦ ਦਿਖਾਈ ਦੇ ਸਕਦਾ ਹੈ, ਜਿਸ ਨਾਲ ਇਹ ਜਾਣਨਾ ਮੁਸ਼ਕਲ ਹੋ ਜਾਂਦਾ ਹੈ ਕਿ ਤੁਹਾਨੂੰ ਐੱਚ ਪੀ ਵੀ ਕਦੋਂ ਮਿਲਿਆ ਸੀ ਜਾਂ ਕਿਹਦੇ ਤੋਂ ਮਿਲਿਆ ਸੀ।

## ਕੀ ਇਸ ਦਾ ਮਤਲਬ ਇਹ ਹੈ ਕਿ ਮੈਨੂੰ ਸਰਵੀਕਲ ਕੈਂਸਰ ਹੈ?

ਨਹੀਂ, ਐੱਚ ਪੀ ਵੀ ਦੇ ਪੌਜ਼ਟਿਵ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਹੋ ਜਾਵੇਗੀ। ਐੱਚ ਪੀ ਵੀ ਦੀ ਜ਼ਿਆਦਾ ਖਤਰੇ ਵਾਲੀ ਕਿਸਮ ਦਾ ਪਤਾ ਲੱਗਣ 'ਤੇ ਸਰਵੀਕਲ ਕੈਂਸਰ ਬਹੁਤ ਘੱਟ ਹੁੰਦੀ ਹੈ। ਪਰ, ਇਸ ਦਾ ਮਤਲਬ ਇਹ ਹੈ ਕਿ ਤੁਹਾਨੂੰ ਹੋਰ ਟੈੱਸਟਾਂ ਦੀ ਲੋੜ ਪਵੇਗੀ।

## ਕੀ ਮੈਨੂੰ ਆਪਣੇ ਸਾਥੀ (ਸਾਥੀਆਂ) ਨੂੰ ਇਹ ਦੱਸਣਾ ਚਾਹੀਦਾ ਹੈ ਕਿ ਮੈਨੂੰ ਐੱਚ ਪੀ ਵੀ ਹੈ?

ਉਨ੍ਹਾਂ ਨੂੰ ਦੱਸਣਾ ਜਾਂ ਨਹੀਂ ਦੱਸਣਾ ਤੁਹਾਡੀ ਚੋਣ ਹੈ। ਐੱਚ ਪੀ ਵੀ ਬਹੁਤ ਆਮ ਹੈ ਅਤੇ ਕਾਮੁਕ ਤੌਰ 'ਤੇ ਸਰਗਰਮ ਬਹੁਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਪੜਾ 'ਤੇ ਐੱਚ ਪੀ ਵੀ ਹੋਵੇਗਾ।

ਐੱਚ ਪੀ ਵੀ ਦੀ ਇਨਫੈਕਸ਼ਨ ਦਾ ਆਪਣੇ ਆਪ ਵਿਚ ਕੋਈ ਇਲਾਜ ਨਹੀਂ ਹੈ। ਬਹੁਤੀ ਵਾਰੀ, ਐੱਚ ਪੀ ਵੀ ਕੋਈ ਨਿਸ਼ਾਨੀਆਂ ਜਾਂ ਸਮੱਸਿਆਵਾਂ ਤੋਂ ਬਿਨਾਂ ਆਪਣੇ ਆਪ ਹਟ ਜਾਂਦਾ ਹੈ।

## ਕੀ ਮੇਰੇ ਸਾਥੀ (ਸਾਥੀਆਂ) ਦੀ ਜਾਂਚ ਹੋਣੀ ਚਾਹੀਦੀ ਹੈ?

ਸਰਵਿਕਸ ਵਾਲੇ ਕਿਸੇ ਵੀ ਵਿਅਕਤੀ ਦੀ, ਜਿਸ ਦੀ ਉਮਰ 25 ਅਤੇ 69 ਸਾਲ ਦੇ ਵਿਚਕਾਰ ਹੈ, ਸਰਵੀਕਲ ਕੈਂਸਰ ਲਈ ਨੇਮ ਨਾਲ ਜਾਂਚ ਹੋਣੀ ਚਾਹੀਦੀ ਹੈ।

ਜੇ ਤੁਹਾਡੇ ਸਾਥੀ (ਸਾਥੀਆਂ) ਦੀ ਸਰਵਿਕਸ ਨਹੀਂ ਹੈ ਤਾਂ ਐੱਚ ਪੀ ਵੀ ਲਈ ਚੈੱਕ ਕੀਤੇ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਸਰਵੀਕਲ ਕੈਂਸਰ ਨਹੀਂ ਹੋ ਸਕਦੀ।

## ਮੈਂ ਐੱਚ ਪੀ ਵੀ ਤੋਂ ਰੋਕਥਾਮ ਕਿਵੇਂ ਕਰ ਸਕਦੀ ਹਾਂ?

1. **ਐੱਚ ਪੀ ਵੀ ਵੈਕਸੀਨ:** ਵੈਕਸੀਨ ਲਵਾਉਣਾ, ਐੱਚ ਪੀ ਵੀ ਦੀਆਂ ਸਭ ਤੋਂ ਜ਼ਿਆਦਾ ਗੰਭੀਰ ਕਿਸਮਾਂ ਤੋਂ ਰੋਕਥਾਮ ਕਰਨ ਵਿਚ ਮਦਦ ਕਰ ਸਕਦਾ ਹੈ। immunizebc.ca/hpv 'ਤੇ ਜਾਉ।
2. **ਕੰਡੋਮਾਂ ਦੀ ਵਰਤੋਂ ਕਰੋ:** ਭਾਵੇਂ ਕਿ ਕੰਡੋਮ ਤੁਹਾਨੂੰ ਐੱਚ ਪੀ ਵੀ ਹੋਣ ਤੋਂ ਪੂਰੀ ਤਰ੍ਹਾਂ ਰੋਕਥਾਮ ਨਹੀਂ ਕਰਦੇ, ਉਹ ਤੁਹਾਡਾ ਖਤਰਾ ਘਟਾਉਣ ਵਿਚ ਮਦਦ ਕਰਦੇ ਹਨ। ਉਹ ਸੰਭੋਗ ਨਾਲ ਲੱਗਣ ਵਾਲੀਆਂ ਹੋਰ ਇਨਫੈਕਸ਼ਨਾਂ ਤੋਂ ਵੀ ਰੱਖਿਆ ਕਰਦੇ ਹਨ।
3. **ਸਿਗਰਟਾਂ ਨਾ ਪੀਉ:** ਸਿਗਰਟਾਂ ਪੀਣਾ, ਐੱਚ ਪੀ ਵੀ ਅਤੇ ਹੋਰ ਇਨਫੈਕਸ਼ਨਾਂ ਦਾ ਮੁਕਾਬਲਾ ਕਰਨ ਦੀ ਸਰੀਰ ਦੀ ਸਮਰਥਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

## ਪੈਪ ਟੈੱਸਟ ਕਰਵਾਉਣਾ

ਪੈਪ ਟੈੱਸਟ ਕਿਸੇ ਹੈਲਥ ਕੇਅਰ ਪ੍ਰੋਵਾਈਡਰ ਦੇ ਦਫਤਰ ਜਾਂ ਕਲੀਨਿਕ ਵਿਚ ਕੀਤਾ ਜਾਂਦਾ ਹੈ। ਸਪੈਕੂਲਮ ਨਾਂ ਦਾ ਇਕ ਯੰਤਰ ਸਹਿਜ ਨਾਲ ਤੁਹਾਡੀ ਯੋਨੀ (ਵਜਾਇਨਾ) ਵਿਚ ਪਾਇਆ ਜਾਂਦਾ ਹੈ ਤਾਂ ਜੋ ਸਰਵਿਕਸ (ਬੱਚੇਦਾਨੀ ਦੇ ਮੂੰਹ) ਨੂੰ ਦੇਖਿਆ ਜਾ ਸਕੇ। ਇਕ ਛੋਟੇ ਬੁਰਸ਼ ਜਾਂ ਸਪੈਚੂਲਾ ਨਾਲ ਸਰਵੀਕਲ ਸੈੱਲਾਂ ਦਾ ਨਮੂਨਾ ਲਿਆ ਜਾਂਦਾ ਹੈ। ਇਸ ਨੂੰ ਫਿਰ ਅਸਧਾਰਨ ਸੈੱਲਾਂ ਅਤੇ/ਜਾਂ ਐੱਚ ਪੀ ਵੀ ਦੀਆਂ ਨਿਸ਼ਾਨੀਆਂ ਲਈ ਚੈੱਕ ਕੀਤਾ ਜਾਂਦਾ ਹੈ। ਕੀ ਟੈੱਸਟ ਕੀਤਾ ਜਾਣਾ ਹੈ, ਇਹ ਤੁਹਾਡੀ ਉਮਰ ਅਤੇ ਤੁਹਾਡੀ ਸਿਹਤ ਦੀ ਹਿਸਟਰੀ 'ਤੇ ਨਿਰਭਰ ਕਰਦਾ ਹੈ।

ਪੈਪ ਟੈੱਸਟ ਨੂੰ ਕੁਝ ਮਿੰਟ ਹੀ ਲੱਗਦੇ ਹਨ ਅਤੇ ਇਹ ਦਰਦ ਕਰਨ ਵਾਲਾ ਨਹੀਂ ਹੋਣਾ ਚਾਹੀਦਾ, ਪਰ ਬੇਆਰਾਮ ਕਰਨ ਵਾਲਾ ਹੋ ਸਕਦਾ ਹੈ। ਜੇ ਤੁਸੀਂ ਔਖ ਮਹਿਸੂਸ ਕਰੋ ਤਾਂ ਕਿਸੇ ਸਮੇਂ ਵੀ ਹੈਲਥ ਕੇਅਰ ਪ੍ਰੋਵਾਈਡਰ ਨੂੰ ਇਸ ਨੂੰ ਰੋਕਣ ਲਈ ਕਹੋ। ਟੈੱਸਟ ਦੌਰਾਨ ਸਵਾਲ ਪੁੱਛਣ ਤੋਂ ਨਾ ਝਿਜਕੋ।

## ਤੁਹਾਡੇ ਨਤੀਜੇ

ਅਸੀਂ ਨਤੀਜੇ ਤੁਹਾਨੂੰ ਅਤੇ ਹੈਲਥ ਕੇਅਰ ਪ੍ਰੋਵਾਈਡਰ ਨੂੰ ਡਾਕ ਰਾਹੀਂ ਭੇਜਾਂਗੇ। ਤੁਸੀਂ ਆਪਣੇ ਨਤੀਜੇ ਔਨਲਾਈਨ ਵੀ ਦੇਖ ਸਕਦੇ ਹੋ: healthgateway.gov.bc.ca.

ਤੁਹਾਡੇ ਨਤੀਜੇ ਮੁਤਾਬਕ, ਤੁਹਾਨੂੰ ਸੱਦੇ ਜਾਣ 'ਤੇ ਆਪਣਾ ਟੈੱਸਟ ਦੁਬਾਰਾ ਕਰਵਾਉਣ, ਜਾਂ ਕੋਲਪੋਸਕੋਪੀ (ਇਕ ਪ੍ਰੋਸੀਜਰ ਜਿਹੜਾ ਸਰਵਿਕਸ ਨੂੰ ਜ਼ਿਆਦਾ ਨੇੜਿਉਂ ਦੇਖਦਾ ਹੈ) ਦੀ ਲੋੜ ਹੋ ਸਕਦੀ ਹੈ, ਜਾਂ

## ਪੈਪ ਟੈੱਸਟ ਬਾਰੇ ਘਬਰਾਹਟ ਮਹਿਸੂਸ ਕਰਦੇ ਹੋ?

ਜੇ ਤੁਸੀਂ ਪੈਪ ਟੈੱਸਟ ਕਰਵਾਉਣ ਬਾਰੇ ਘਬਰਾਹਟ ਜਾਂ ਫਿਕਰਮੰਦ ਮਹਿਸੂਸ ਕਰਦੇ ਹੋ ਤਾਂ ਆਪਣੀ ਪੈਰਵੀ ਲਈ ਟੈੱਸਟ ਬਾਰੇ ਗੱਲ ਕਰਨ ਲਈ ਪ੍ਰੋਵਾਈਡਰ ਨਾਲ ਅਪੌਇੰਟਮੈਂਟ ਬਣਾਉ। ਸਵਾਲ ਪੁੱਛੋ ਅਤੇ ਆਪਣੇ ਪੈਪ ਟੈੱਸਟ ਦੀ ਰਲ ਕੇ ਪਲੈਨ ਬਣਾਉ। ਹੋਰ ਸੁਝਾਅ screeningbc.ca/cervix 'ਤੇ ਦੇਖੋ।

| ਵਿਚਾਰਨ ਵਾਲੀਆਂ ਚੀਜ਼ਾਂ: |
|---|
| ○ ਕੋਈ ਵੀ ਟੈੱਸਟ ਸੰਪੂਰਨ ਨਹੀਂ ਹੁੰਦਾ। ਪੈਪ ਟੈੱਸਟ ਦਾ ਨਤੀਜਾ ਇਹ ਦੱਸ ਸਕਦਾ ਹੈ ਕਿ ਅਸਧਾਰਨ ਸੈੱਲ ਹਨ ਜਦ ਕਿ ਉਹ ਨਹੀਂ ਹੁੰਦੇ, ਜਾਂ ਟੈੱਸਟ ਅਸਧਾਰਨ ਸੈੱਲਾਂ ਦਾ ਪਤਾ ਲਾਉਣ ਤੋਂ ਖੁੰਝ ਸਕਦਾ ਹੈ ਜੋ ਕਿ ਅਸਲ ਵਿਚ ਹੁੰਦੇ ਹਨ। |
| ○ ਟੈੱਸਟ ਬੇਲੋੜੇ ਫਿਕਰ, ਇਲਾਜ ਦਾ ਕਾਰਨ ਬਣ ਸਕਦਾ ਹੈ, ਜਾਂ ਭਵਿੱਖ ਦੇ ਗਰਭ ਲਈ ਲੰਬੇ ਸਮੇਂ ਦੇ ਅਸਰ (ਸਮੇਂ ਤੋਂ ਪਹਿਲਾਂ ਜਨਮ ਜਾਂ ਜਨਮ ਵੇਲੇ ਬੱਚੇ ਦਾ ਘੱਟ ਭਾਰ) ਪੈਦਾ ਹੋ ਸਕਦੇ ਹਨ। |

## ਸਾਡੇ ਨਾਲ ਸੰਪਰਕ ਕਰੋ

BC Cancer Cervix Screening
801-686 West Broadway
Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/cervix

**ਮੈਨੂੰ ਸਕੈਨ ਕਰੋ**

ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ। ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦੇ ਸੰਬੰਧ ਵਿਚ ਕੋਈ ਵੀ ਸਵਾਲ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5X 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)।



Version: December 2023